Purva Mimaansa | Refereed | Peer Reviewed
ISSN: 0976-0237 | Volume 17, Issue: March 2026 | Impact Factor 5.275

# ਗੁਰੂ ਨਾਨਕ ਦੇਵ ਜੀ ਦਾ ਸਮਾਜਿਕ ਸੰਕਲਪ

ਨਿਰਵੈਰ ਸਿੰਘ 'ਮਲ੍ਹੀ'
ਮੁਖੀ, ਪੰਜਾਬੀ ਵਿਭਾਗ
ਸਨਾਤਨ ਧਰਮ ਕਾਲਜ, ਅੰਬਾਲਾ ਕੈਂਟ

mDkwl ivc ਗੁਰੂ ਨਾਨਕ ਦੇਵ ਜੀ ਨੇ ਜਿਨ੍ਹਾਂ ਪ੍ਰਭਾਵ ਭਾਰਤੀ ਸਮਾਜ ਉੱਤੇ ਇਕੱਲੇ ਤੌਰ ਤੇ ਪਾਇਆ, ਇਹ ਹੋਰ ਸਮਕਾਲੀ ਸਾਹਿਤਕਾਰਾਂ ਦੇ ਹਿੱਸੇ ਨਹੀਂ ਆਇਆ । ਗੁਰੂ ਨਾਨਕ ਦੇਵ ਜੀ ਨੇ ਆਪਣਾ ਸਮੁੱਚਾ ਜੀਵਨ ਅੰਧਕਾਰੀ ਜੀਵਨ ਜੀਅ ਰਹੇ ਲੋਕਾਂ ਦੀ ਭਲਾਈ ਲਈ ਅਤੇ ਸਥਾਨਕ ਰਾਜਨੀਤਕ ਹਾਲਾਤਾਂ, ਰਾਜਸੀ ਜੁਲਮਾਂ ਦੀ ਵਿਰੋਧਤਾ ਅਤੇ ਸਮਾਜ ਵਿੱਚਲੀਆਂ ਅਨਗਿਣਤ ਸਮਾਜਕ ਅਤੇ ਮਨੁੱਖੀ ਗਿਰਾਵਟਾਂ ਵੱਲ ਲੋਕਾਂ ਦਾ ਧਿਆਨ ਖਿੱਚਣ ਵੱਲ ਲਾਇਆ । ਨਾਲ ਹੀ ਇੱਕ ਨਵੀਂ ਆਵਾਜ਼, ਜਾਗ੍ਰਿਤੀ, ਚੇਤਨਾ ਅਤੇ ਅਧਿਆਤਮਕ ਲਹਿਰ ਰੂਪੀ ਰੋਸ਼ਨੀ ਲੋਕਾਂ ਨੂੰ ਦਿੱਤੀ । ਗੁਰੂ ਨਾਨਕ ਬਾਣੀ ਦੇ ਸਮਾਜਿਕ ਸਰੋਕਾਰਾਂ ਨੂੰ ਸੱਮਝਣ ਤੋਂ ਪਹਿਲਾਂ ਸਾਨੂੰ ਸਮਕਾਲੀ ਸਮਾਜਕ ਹਾਲਾਤਾਂ ਤੋਂ ਜਾਨੂੰ ਹੋਣਾ ਚਾਹੀਦਾ ਹੈ । ਕਿਉਂਕਿ ਮਨੁੱਖ ਸਮਾਜਕ ਜੀਵ ਹੈ । ਸਮਾਜ ਦੇ ਰਾਜਨੀਤਿਕ, ਧਾਰਮਿਕ, ਸਮਾਜਕ ਅਤੇ ਆਰਥਿਕ ਹਾਲਾਤਾਂ ਤੋਂ ਉਹ ਸਦਾ ਮੁਤਾਸਿਰ ਹੁੰਦਾ ਰਹਿੰਦਾ ਹੈ । ਕਵੀ ਜੋ ਵਧੇਰੇ ਸੰਵੇਦਨਸ਼ੀਲ ਵਿਅਕਤੀ ਹੈ । ਉਹ ਆਪਣੀ ਸਾਹਿਤਕ ਕਿਰਤ ਸਿਰਜਨਾ ਵੇਲੇ ਚੇਤਨ ਅਤੇ ਅਵਚੇਤਨ ਤੌਰ ਤੇ ਸਿੱਧੇ ਪ੍ਰਭਾਵਿਤ ਜਰੂਰ ਹੁੰਦਾ ਹੈ । ਈਲੀਅਟ ਅਨੁਸਾਰ "ਕਵੀ ਆਪਣੇ ਬਾਰੇ ਲਿੱਖਣ ਲੱਗਾ ਵੀ ਸਮਾਜ ਦੀ ਗੱਲ ਕਰ ਜਾਂਦਾ ਹੈ ।"(1)

ਗੁਰੂ ਨਾਨਕ ਵੇਲੇ ਭਾਰਤੀ ਸਮਾਜ ਦੋ ਪ੍ਰਮੁੱਖ ਵਰਗਾਂ ਹਿੰਦੂ ਅਤੇ ਮੁਸਲਮਾਨ ਵਿਚਕਾਰ ਵੰਡੀਆਂ ਹੋਈਆਂ ਸੀ । ਹਿੰਦੂ ਵਰਗ ਅੱਗੇ ਚਾਰ ਵਰਗਾਂ ਬ੍ਰਾਹਮਣ, ਖਤਰੀ, ਵੈਸ਼, ਅਤੇ ਸ਼ੁਦਰ ਵਿਚਕਾਰ ਵੰਡੀਆਂ ਹੋਈਆਂ ਸੀ । ਮੁਸਲਮਾਨ ਹਾਕਮ ਹੋਣ ਕਾਰਨ ਸਮਾਜਿਕ jIvn ਤੇ ਵੀ ਕਾਬਜ ਸੀ । ਮੁਸਲਮਾਨ ਹੋਣਾ ਹੀ ਆਪਣੇ ਆਪ ਵਿੱਚ ਇੱਕ ਯੋਗਤਾ ਦਾ ਪ੍ਰਮਾਣ ਸੀ । ਦੂਜੇ ਪਾਸੇ ਰਾਜਸੱਤਾ ਵਲੋਂ ਇਹ ਧਾਰਨਾ ਸੀ ਹਿੰਦੂ ਹੋਣਾ ਅਯੋਗਿਤਾ ਦਾ ਪ੍ਰਮਾਣ hY । ਉਸ ਵੇਲੇ ਨਵੇਂ ਮੰਦਰ ਬਣਾਉਣ ਤਾਂ ਦੂਰ ਦੀ ਗੱਲ ਪੁਰਾਣੇ ਮੰਦਰਾਂ ਦੀ ਮੁਰੰਮਤ ਦੀ ਵੀ ਹਾਕਮ ਵੱਲੋਂ ਖੁੱਲ ਨਹੀਂ ਸੀ । ਹਿੰਦੂ ਸਮਾਜ ਦੀ ਹਾਲਤ ਬਹੁਤ ਹੀ ਤਰਸਯੋਗ ਸੀ । ਇੱਕ ਕਬੀਰਪੰਥੀ ਬੁੱਧਾ ਨਾਮ ਦੇ ਬ੍ਰਾਹਮਣ ਨੂੰ ਸਿਕੰਦਰ ਨੇ ਕੇਵਲ ਇਸ ਕਰਕੇ ਕਤਲ ਕਰਵਾ ਦਿੱਤਾ ਸੀ ਕਿ ਉਸ ਨੇ ਪਰਮਾਤਮਾ ਨੂੰ ਇੱਕੋ ਨਜ਼ਰ ਹਿੰਦੂ ਅਤੇ ਮੁਸਲਮਾਨ ਦੇ ਬਰਾਬਰ ਦੱਸਿਆ ਸੀ । ਹਿੰਦੂਆਂ ਨੂੰ

ਆਪਣੀ 'ਜਾਨ ਬਕਸ਼ੀ' ਭਾਵ ਜਾਨ ਦੀ ਹਿਫਾਜ਼ਤ ਲਈ 'ਜ਼ਜ਼ੀਆ ਕਰ' ਦੇਣਾ ਪੈਂਦਾ ਸੀ । ਇਹ ਕਰ ਮੰਦਰਾਂ ਤੱਕ ਤੇ ਵੀ ਲਾਇਆ ਜਾਂਦਾ ਸੀ । ਨਾਨਕ ਬਾਣੀ ਵਿੱਚ ਇਹ ਦਰਜ਼ ਹੈ "ਗਊ ਬ੍ਰਾਹਮਣ ਕਉ ਕਰ ਲਵਉ" (2)

ਇਹ ਇੱਕ ਇਤਿਹਾਸਿਕ ਸੱਚਾਈ ਹੈ ਕਿ ਰਾਜਨੀਤੀ ਦਾ ਡੂੰਘਾ ਪ੍ਰਭਾਵ ਸਮਾਜ ਉੱਪਰ ਪੈਂਦਾ ਹੈ । ਨਾਨਕ ਵੇਲੇ ਸਮਕਾਲੀ ਮੁਸਲਮਾਨ ਸ਼ਾਸਕਾਂ ਨੇ ਇਸਲਾਮੀ ਅਮੂਲਾਂ ਦੇ ਉਲਟ ਸ਼ਕਸ਼ੀ ਹਕੂਮਤ ਦੀ ਸ਼ਕਤੀ ਦੇ ਆਧਾਰ ਤੇ ਧਰਮ ਪਰਿਵਰਤਨ ਇੱਕ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤਿਆ । ਇਨ੍ਹਾਂ ਜ਼ੁਲਮਾਂ ਦਾ ਅਸਰ ਸਮਕਾਲੀ ਸਮਾਜ ਦੀ ਮਾਨਸਿਕਤਾ ਉੱਤੇ ਜਰੂਰ ਪਿਆ । ਹਿੰਦੂ ਸਮਾਜ ਨੇ ਇਸ ਸਥਿਤੀ ਦਾ ਅਨੁਭਵ ਕੀਤਾ ਅਤੇ ਆਪਣੀ ਸਮਾਜਿਕ ਸਥਿਤੀ ਦੀ ਰੱਖਿਆ ਲਈ ਉਹ ਵਧੇਰੇ ਚਿੰਤਿਤ ਹੋ ਗਿਆ । ਦੂਜੇ ਪਾਸੇ ਹਿੰਦੂਆਂ ਦਾ ਉੱਚ ਵਰਗ ਆਪਣੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਮਾਨਸਿਕ ਤੌਰ ਤੇ ਬਹੁਤ ਸੋੜਾ ਅਤੇ ਸੰਕੀਰਣ ਹੁੰਦਾ ਗਿਆ । ਹਿੰਦੂ ਧਰਮ ਵਿੱਚ ਜਾਤ-ਪਾਤ ਦਾ ਬੋਲ ਬਾਲਾ ਅਤੇ ਛੋਟੀਆਂ ਸਮੱਸਿਆਂ ਜਾਤਾਂ ਪ੍ਰਤੀ ਨਫਰਤ ਵੱਧ ਗਈ । ਛੂਤ-ਛਾਤ ਦੇ ਮਸਲੇ ਵਧੱਣ ਲੱਗ ਪਏ । ਸਮਾਜਕ ਸਰੋਕਾਰ ਵਿਸ਼ਾਲਤਾ ਤੋਂ ਦੂਰ ਹੋ ਕੇ ਸੰਕੀਰਣਤਾ ਦੀ ਵਲਗਣ ਵਿੱਚ ਬੰਦ ਹੁੰਦੇ ਗਏ । ਬ੍ਰਾਹਮਣ ਆਪਣੀ ਅਸਲੀ ਅਧਿਆਤਮਿਕ ਲੀਹ ਨੂੰ ਛੱਡ ਕੇ ਬਾਹਰੀ ਫੋਕੇ ਕਰਮਕਾਂਡਾਂ ਵਿੱਚ ਗ੍ਰਸਤ ਹੋ ਗਏ । ਇੰਝ ਖਤਰੀ ਵੀ ਦਲੇਰੀ ਛੱਡ ਕੁਰਾਹੇ ਪੈ ਗਏ । ਗਊ ਵਾਂਗ ਸ਼ਰੀਫ ਨਿਰਮਲ ਬ੍ਰਾਹਮਣ ਹੁਣ ਗਰੀਬ ਅਤੇ ਦੇਸ਼ ਦੀ ਰੱਖਿਆ ਕਰਨ ਦੀ ਥਾਂ ਫੋਕੇ ਕਰਮ ਕਾਂਡਾਂ ਅਤੇ ਧਨ ਇਕੱਤਰ ਕਰਨ ਵਿੱਚ ਹੀ ਰੁਚਿਤ ਹੋ ਗਏ । ਉਹਨਾਂ ਦੀ ਰਹਿਣੀ, ਬਹਿਣੀ ਅਤੇ ਕਹਿਣੀ ਵਿੱਚ ਅੰਤਰ ਆ ਗਿਆ । ਉਹ ਅਸਲੀ ਧਰਮ ਉਦੇਸ਼ ਨੂੰ ਛੱਡ ਮਨਘੜੰਤ ਆਡੰਬਰਾਂ ਦਾ ਪੁਜਾਰੀ ਬਣ ਬੈਠਾ । ਇੱਥੇ ਗੁਰੂ ਨਾਨਕ ਦੇਵ ਜੀ ਇਸ ਸਮਾਜਿਕ ਪਰਿਵਰਤਨ ਤੋਂ ਬਾਅਦ ਬ੍ਰਾਹਮਣ ਨੂੰ ਆਤਮਕ ਜਨੇਊ ਧਾਰਣ ਕਰਨ ਦਾ ਸੰਦੇਸ਼ ਦਿੰਦੇ ਫਰਮਾਉਂਦੇ ਹਨ ।(3)

"ਦਇਆਂ ਕਪਾਹ ਸੰਤੋਖ ਸੁਤ ਜੁਤ ਗੱਢੀ ਸੁਤ ਵੂਟ,  
ਏਹ ਜਨੇਊ ਜੀਅ ਦਾ ਹਈ ਤਾਂ ਪਾਂਡੇ ਘਤੁ"

ਜਿੱਥੇ ਆਡੰਬਰਾਂ ਦਾ ਬੋਲਬਾਲਾ ਸੀ ਉੱਥੇ ਜਾਤ ਪਾਤ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ । ਉੱਚੀ ਜਾਤ ਨੀਵੀਆਂ ਜਾਤਾਂ ਉੱਪਰ ਜੁਲਮ ਢਾਈ ਜਾ ਰਹੀ ਸੀ । ਭਾਰਤੀ ਸਮਾਜ ਵਿਚ ਨੀਵੀਂ ਸਮਝੀ ਜਾਣ ਵਾਲੀ ਜਾਤੀ ਵਿੱਚ ਪੈਦਾ ਹੋਏ ਭਗਤ ਅਤੇ ਰੱਬੀ ਜਗਿਆਸੂ ਨੂੰ ਸ਼ਾਸਤਰ ਪੜੱਨ ਅਤੇ ਮੰਦਰਾਂ ਤੱਕ ਜਾਣ ਦੀ ਇਜਾਜ਼ਤ ਨਹੀਂ ਸੀ । ਗੁਰੂ ਨਾਨਕ ਦੇਵ ਜੀ ਦਾ ਲਾਲੋ ਦੇ ਘਰ ਰਹਿਣਾ, ਉਸ ਦੀ ਕਿਰਤ ਵਿੱਚੋਂ ਪ੍ਰਾਪਤ ਕੀਤੇ ਭੋਜਣ ਨੂੰ ਪਵਿੱਤਰ ਦੱਸਣਾ, ਉਚੇਰੇ ਵਰਗਾਂ ਦੀ ਪੈਦਾਇਸ਼ ਮਲਕ ਭਾਗੋ ਲਈ ਇੱਕ ਬਹੁਤ

ਵੱਡਾ ਧਮਾਕਾ ਸੀ । ਗੁਰੂ ਸਾਹਿਬ ਫਰਮਾਉਂਦੇ ਸਨ :

"ਜਾਤ ਜਨਮ ਨਹੁ ਪੁਛੀਐ, ਸਚੁ ਘਰ ਲੇਹੁ ਬਤਾਇ

ਸਾ ਜਾਤੀ ਸਾ ਪਤਿ ਹੈ ਜੇਹੇ ਕਰਮ ਕਮਾਇ"

ਇਥੇ ਇਹ ਵਿਚਾਰ ਨਿਕਲ ਕੇ ਆਉਂਦਾ ਹੈ ਕਿ ਗੁਰੂ ਸਾਹਿਬ ਮਨੁੱਖ ਨੂੰ ਜਨਮ ਤੋਂ ਵੱਡਾ ਨਹੀਂ ਬਲਕਿ ਕਰਮਾਂ ਕਰਕੇ ਪੂਜਨੀਏ ਦੱਸਦੇ ਹਨ । ਜੇ ਗੁਰੂ ਨਾਨਕ ਬਾਣੀ ਦਾ ਸਰੋਕਾਰ ਜਾਤੀ ਬੰਧਨਾਂ ਤੋਂ ਮੁਕਤੀ ਵੱਲ ਦਾ ਹੈ ਤਾਂ ਗੁਰੂ ਨਾਨਕ ਸਮਾਕਾਲੀ ਸਮਾਜ ਵਿੱਚ ਇਸਤਰੀ ਦਾ ਮੂਰਖਪੁਨਾ ਅਤੇ ਸ਼ਿਕਾਰੀ ਜਾਲਮ ਸੱਮਝ ਬੈਠੇ ਮਨੁੱਖ ਨੂੰ ਸ਼ੀਲ ਅਤੇ ਸੰਜਪਤਾ ਵੱਲ ਲੈ ਜਾਂਦੇ ਹਨ । ਨਾਲ ਹੀ ਪਵਿੱਤਰਤਾ ਨੂੰ ਤਿਆਗ ਤੇ ਪਖੰਡ ਧਾਰਨ ਕਰੀ ਬੈਠੇ ਮਨੁੱਖੀ ਕਿਰਦਾਰਾਂ ਤੇ ਗੁਰੂ ਸਾਹਿਬ ਵਿਅੰਗ ਕਰਦੇ ਹਨ ।(4)

"ਧੰਨ ਜੋਬਣ ਦੇਇ ਵੈਰੀ ਹੋਏ ਜਿਨੀ ਰਖੇ ਰੰਗ ਲਾਇ"

ਪਿਛਲੇ ਭਾਰਤੀ ਸਮੇਂ ਤੇ ਝਾਤ ਮਾਰੀਏ ਤਾਂ ਵੈਦਿਕ ਕਾਲ ਸਮੇਂ ਸ੍ਰੇਸ਼ਟ ਸਨਮਾਨਤ ਇਸਤਰੀ ਦੀ ਸਥਿਤੀ ਮਹਾਭਾਰਤ ਸਮੇਂ ਤੋਂ ਬਾਦ ਨਿਵਾਣ ਵੱਲ ਨੂੰ ਜਾ ਰਹੀ ਸੀ । ਪਰ ਗੁਰੂ ਨਾਨਕ ਵੇਲੇ ਮੁਸਲਮਾਨ ਸ਼ਾਸਕਾਂ ਦੇ ਜ਼ੁਲਮਾਂ ਕਾਰਨ ਭਾਰਤੀ ਨਾਰੀ ਦਾ ਇਤਿਹਾਸ ਵਿੱਚ ਦਰਜਾ ਸਭ ਤੋਂ ਅਪਮਾਨਿਤ ਸਥਿਤੀ ਵਾਲਾ ਸੀ, ਭਾਵ ਇਸਤਰੀ ਉੱਤੇ ਅਤਿਆਚਾਰਾਂ ਦਾ ਸਿਖਰ ਵਾਲਾ ਸਮਾਂ ਸੀ । ਇੱਥੋਂ ਤੱਕ ਕੀ ਢਿੱਡੋਂ ਜੰਮੀ ਔਲਾਦ ਵੀ ਸਨਮਾਨ ਦੀ ਹਕਦਾਰ ਇਸਤਰੀ ਨੂੰ ਨਹੀਂ ਦਸ ਰਹੀ ਸੀ, ਧਾਰਮਿਕ ਪਦਵੀਆਂ ਬੈਠੇ ਸੰਤਾਂ, ਮਹਾਤਮਾਵਾਂ ਦੀ ਨਜ਼ਰ 'ਚ ਇਸਤਰੀ ਬਘਿਆੜਣ ਅਤੇ ਅਪਮਾਨ ਦੀ ਹਕਦਾਰ ਅਤੇ ਆਤਮਿਕਤਾ ਮਾਰਗ ਦੀ ਰੁਕਾਵਟ ਮਾਤਰ ਹੀ ਸੀ । (5)

ਗੁਰੂ ਨਾਨਕ ਦੇਵ ਜੀ ਆਪਣੇ ਅੱਖੀ ਇਸਤਰੀ ਜਾਤ ਦੀ ਇਸ ਸਥਿਤੀ ਨੂੰ ਆਪਣੇ ਕੋਮਲ ਹਿਰਦੇ ਰਾਹੀਂ ਵੇਖਕੇ ਭਾਰਤੀ ਲਹਿਰ ਦੇ ਪਹਿਲੇ ਸਾਹਿਤਕਾਰ ਬਣੇ ਜਿਨ੍ਹਾਂ ਨੇ ਇਸਤਰੀ ਸਥਿਤੀ ਦਾ ਚਿੰਤਨ ਹੀ ਨਹੀਂ ਕਿਤਾ ਸਗੋਂ ਆਪਣੀ ਬਾਣੀ ਦਾ ਸਰੋਕਾਰ ਬਣਾ ਕੇ ਇਸਤਰੀ ਦੇ ਮਾਣ ਨੂੰ ਮੁੜ ਸੁਰਜੀਤ ਕਰਨ ਲਈ ਦੇਸ਼ ਵਾਸੀਆਂ ਨੂੰ ਵੰਗਰਿਆ ।

"ਭੰਡਿ ਜੰਮੀਐ ਭੱਡਿ ਨਿੰਮੀਐ ਭੰਡਿ ਮੰਗਣ ਵੀਆਹ
ਭੰਡਹੁ ਹੋਵੇ ਦੋਸਤੀ ਭੰਡਹੁ ਚਲੈ ਰਾਹ

ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਹਾਜਾਨ"

ਭਾਰਤ ਅਤੇ ਪੰਜਾਬ ਦੀ ਧਰਤੀ ਵਿਚਲੀਆਂ ਅਨੇਕਾਂ ਗਿਰਾਵਟਾਂ ਵਿਰੁੱਧ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਬੁਲੰਦ ਕੀਤੀ, ਆਪ ਜੀ ਨੇ ਕੇਵਲ ਆਵਾਜ਼ ਹੀ ਬੁਲੰਦ ਨਹੀਂ ਕੀਤੀ ਸਗੋਂ ਲੋਕਾਂ ਅੰਦਰ ਜਬਰ-ਜ਼ੁਲਮ ਦੀ ਖਿਲਾਫਤ ਕਰਣ ਦੀ ਤਾਕਤ ਵੀ ਲੋਕਾਂ ਨੂੰ ਦਿਤੀ । ਜਿੱਥੇ ਆਪ ਨਾਰੀ ਪੱਖੀ ਆਵਾਜ਼ ਬੁਲੰਦ ਕਰਦੇ ਹਨ ਉਥੇ ਜਾਤੀਗਤ ਭੇਦਭਾਵ ਅਤੇ ਧਾਰਮਿਕ, ਸਮਾਜਿਕ ਪਾਖੰਡਵਾਦ ਤੋਂ ਮੁਕਤ ਵੀ ਕਰਦੇ ਹਨ । ਸਥਾਨਕ ਲੋਕਾਂ ਵਿਚ ਸਾਹਸ ਦੇ ਸੰਚਾਰ ਕਰਣ ਵੀ ਪਹਿਲ ਵੀ ਆਪ ਜੀ ਦੀ ਬਾਣੀ ਕਰਦੀ ਹੈ । ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਜੇ ਗੁਰੂ ਨਾਨਕ ਵੇਲੇ ਲੋਕ ਜ਼ੁਲਮਾਂ ਵਿਰੁੱਧ ਲੜ ਨਹੀਂ ਸਕੇ ਤਾਂ ਜ਼ੁਲਮ ਵਿਰੁੱਧ ਲੜਨ ਦੀ ਤਿਆਰੀ ਦਾ ਹੌਸਲਾ ਨਾਨਕ ਬਾਣੀ ਜਰੂਰ ਭਰਦੀ ਹੈ । ਜਬਰ ਵਿਰੋਧੀ ਇਸ ਕਰਤਾਰੀ ਪੁਰਖ ਅੰਦਰ ਇੰਨੀ ਨਫਰਤ ਸੀ ਕਿ ਉਹ ਸਮੁਚੀਆਂ ਧਾਰਮਿਕ ਅਤੇ ਸਮਾਜਿਕ ਕੁਰੀਤੀਆਂ ਨੂੰ ਸਮਾਪਤ ਕਰਨ ਤੇ ਜੋਰ ਦਿੰਦੇ ਹਨ । ਲੱੜਨ ਵੇਲੇ ਦੀ ਤਾਂ ਗੱਲ ਹੀ ਛੱਡੋ, ਜੁਲਮ ਵਿਰੁੱਧ ਬੋਲਣ ਵਾਲਾ ਵੀ ਨਹੀਂ ਸੀ । pr h`k, s`c dI Awvwj nwnk bwxI dy rUp ivc gUMjdI hY [ (6)

"ਜੈਸੇ ਮੈਂ ਆਵੈ ਜਖਮ ਦੀ ਬਾਣੀ, ਤੈਸੜੀ ਕਰੀ ਸਿਆਣ ਵੇ ਲਾਲੋ

ਪਾਪ ਦੀ ਜੰਗ ਲੈ ਕਾਬਲੁਹ ਪਾਇਆ, ਜੇਰੀ ਮੰਗੈ ਦਾਨ ਦੇ ਲਾਲੋ ।"

ਖੂਨ ਦੇ ਸੋਹਲੇ ਗਾ-ਗਾ ਕੇ ਸਮਾਜਿਕ ਪਰਿਵਰਤਨ ਵਾਲੇ ਇਸ ਕਰਤਾਰੀ ਪੁਰਖ ਨੇ ਧੱਕੇਸ਼ਾਹੀ, ਭੇਖ, ਪਾਖੰਡ, ਬੇਇਮਾਨੀ ਦੇ ਖਿਲਾਫ ਲੜਨ ਲਈ ਕੌਮ ਨੂੰ ਨਿਰਭੈਤਾ ਅਤੇ ਨਿਰਪਖਤਾ ਦਾ ਸੰਦੇਸ਼ ਦਿੱਤਾ ।

ਭਾਰਤ ਦੀਆਂ ਧਾਰਮਿਕ ਪਰੰਪਰਾਵਾਂ ਨੂੰ ਵਿਚਾਰੀਏ ਤਾਂ ਗੁਰੂ ਨਾਨਕ ਸਮੇਂ ਅਨਗਿਣਤ ਦੇਵੀ-ਦੇਵਤਿਆਂ ਦੇ ਪੁਜਾਰੀ ਭਾਰਤੀ ਸਮਾਜ ਅੰਦਰ ਧਰਮ ਇਕ ਉਲਝਨ ਅਤੇ ਸਿਰਫ ਕਰਮਕਾਂਡ ਬਣ ਕੇ ਹੀ ਰਹਿ ਗਿਆ ਸੀ। ਆਪਣੇ ਰੱਬ ਦੀ ਮਹਿਮਾ ਅਤੇ ਦੂਜੇ ਦੀ ਨਿੰਦੀਆ ਦਾ ਸੁਭਾਅ ਕਾਰਨ ਸਮਾਜਕ ਫਸਾਦ ਵੱਧ ਰਹੇ ਸੀ । ਧਰਮ ਇਨਸਾਨੀ ਮਿਲਾਪ ਦੀ ਬਜਾਏ ਲੜਾਈ ਦਾ ਕਾਰਨ ਬਣ ਰਹੇ ਸਨ । ਇਸ ਧਾਰਮਿਕ ਖਿਚਾਤਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਇੱਕ ਸਿੱਖ ਧਰਮ ਨੂੰ ਜਨਮ ਦਿੱਤਾ । (7)

ਜਿਸ ਦੀ ਸ਼ਰਧਾ ਕਰਮਕਾਂਤਾਂ ਵਿੱਚ ਨਹੀਂ ਬਲਕਿ ਜੁੱਗਾਂ-ਜੁੱਗਾਂ ਤੋਂ ਅਟੱਲ ਅਤੇ ਸਮੇਂ, ਸਥਾਨ ਤੋਂ ਰਹਿਤ 'ਇਕ ਉਂਕਾਰ' ਦਾ ਰੂਪੀ ਮਹਾਨ ਸ਼ਕਤੀ ਵਿਚ ਸੀ ਅਜਿਹਾ ਸੰਕਲਪ ਸਿਰਜ ਕੇ ਭੱਟਕੇ, ਭੁੱਬਲਭੁਸੇ ਪਏ ਮਨੁੱਖ ਨੂੰ ਇੱਕ ਨਵਾਂ ਅਧਿਆਤਮਕ ਰਾਹ ਦਿਤਾ । ਨਾਲ ਹੀ ਰੱਬੀ ਭਗਤੀ ਦੇ ਭਰਮ ਭੁੱਲੇਖੇ ਵੀ

ਦੂਰ ਕੀਤੇ । ਦੂਜੀ ਗੱਲ ਗ੍ਰਿਸਤ ਜੀਵਨ ਨੂੰ ਰੱਬੀ ਰੁਕਾਵਟ ਨਹੀਂ ਬਲਕਿ ਪਵਿੱਤਰ ਦੱਸਿਆ । ਸਿੱਧਾ ਨਾਲ ਗੋਸ਼ਟੀ ਕਰਕੇ ਸਮਦਾਲੀ ਸਮੇਂ ਦੇ ਗਹ੍ਰਿਸਤ ਜੀਵਨ ਪ੍ਰਤੀ ਨਜ਼ਰੀਆ ਬਦਲਿਆ ।

ਗੁਰੂ ਨਾਨਕ ਦੇਵ ਜੀ ਆਪਣੇ ਭਗਤਾਂ ਨੂੰ ਕਿਰਤ ਭਾਵ ਹੱਥੀ ਮਿਹਨਤ ਦੇ ਸੰਕਲਪ ਨਾਲ ਜੋੜਦੇ ਹਨ । ਨਾਲ ਹੀ ਨਾਮ ਭਾਵ ਭਗਤੀ ਅਤੇ ਵੰਡ ਭਾਵ ਦੂਜੇ ਦਾ ਹੱਕ ਨਾ ਮਾਰਨ ਦਾ ਸੰਦੇਸ਼ ਦਿੰਦੇ ਹਨ । ਗੁਰੂ ਨਾਨਕ ਜੀ ਆਪਣੇ ਸਮੇਂ ਦੀ ਤੰਗਹਾਲੀ, ਗਰੀਬੀ ਅਤੇ ਤਰਲੇ ਵਾਲਾ ਜੀਵਨ ਜੀਅ ਰਹੇ ਲੋਕਾਂ ਅੰਦਰ ਕਿਰਤ ਦਾ ਸੰਕਲਪ ਪੈਦਾ ਕਰਕੇ ਉਹਨਾਂ ਦੇ ਆਰਥਿਕ ਜੀਵਨ ਨੂੰ ਵੀ ਮਾਨਸਿਕ ਅਤੇ ਸਮਾਜਿਕ ਜੀਵਨ ਵਾਂਗ ਉੱਚਾ ਚੁੱਕਦੇ ਹਨ । ਨਾਨਕ ਦਾ ਮੁਰੀਦ ਅੱਜ ਵੀ ਕਿਰਤ ਨੂੰ ਪਹਿਲਾ ਦਿੰਦਾ ਹੈ । ਨਾਲ ਹੀ ਮੰਗ ਕੇ ਖਾਣ ਭਾਵ ਹਰਾਮਖੋਰੀ ਵਾਲੇ ਸੁਭਾਅ ਤੋਂ ਦੂਰ ਰਹਿਣ ਦਾ ਨਾਨਕਬਾਣੀ ਦਾ ਸੰਦੇਸ਼ ਉਨ੍ਹਾਂ ਅੰਦਰ ਹੈ । ਇਹ ਹੈ ਉਸ ਮਹਾਨ ਨਾਨਕ ਦੇ ਕਿਰਤ ਕਰੋ ਵਾਲੇ ਸੰਕਲਪ ਦਾ ਅਸਰ ਨਜਰ ਆਉਂਦਾ ਹੈ । ਉਦਾਸੀਆਂ ਤੋਂ ਬਾਅਦ ਬਾਬਾ ਨਾਨਕ ਦੇ ਬਚਪਨ ਸਮੇਂ 20 ਰੁਪਏ ਵਾਲੀ ਬਰਕਤ ਅੱਜ ਵੀ ਲੱਖਾਂ ਗੁਰਘਰਾਂ ਵਿੱਚ ਜਿੱਥੇ ਸ਼ਰੀਰ ਦੀ ਜਰੂਰਤ (ਖੁਰਾਕ) ਦੀ ਪੂਰਤੀ ਤਾਂ ਕਰਦੀ ਹੈ । ਨਾਲ ਹੀ ਗੁਰੂ ਦੇ ਲੰਗਰ ਦਾ ਭਾਵ ਸਿਰਫ਼ ਸ਼ਰੀਰਕ ਪੂਰਤੀ ਨਹੀਂ ਬਚੀ ਲੰਗਰ ਰੂਪੀ ਇਹ ਪਵਿੱਤਰ ਮਰਿਆਦਾ ਸੱਚ ਤੇ ਜੋਰ ਦਿੰਦੀ ਹੋਈ ਵੱਖ-ਵੱਖ ਫਿਕਰੀਆਂ, ਧਰਮਾਂ, ਜਾਤਾਂ, ਨਸਲਾਂ ਵਾਲੇ ਮਨੁੱਖ ਨੂੰ ਇੱਕੋ ਥਾਂ ਬਿਠਾ ਕੇ ਸਮਾਨਤਾ ਦਾ ਸੰਕਲਪ ਵੀ ਉਸਾਰਦੀ ਹੈ । ਬਾਬੇ ਦਾ ਲੰਗਰ ਅੱਜ ਵੀ ਜਾਤੀਗਤ ਫਰਕ ਨੂੰ ਪ੍ਰਵਾਨ ਨਹੀਂ ਕਰਦਾ । ਗੁਰੂ ਨਾਨਕ ਨੇ ਜਿੱਥੇ ਹਿੰਦੂ ਧਰਮ ਦੇ ਲੋਕਾਂ ਦੇ ਵਹਿਮ-ਭਰਮਾਂ ਅਤੇ ਮੁਸਲਮਾਨਾਂ ਦੇ ਜੁਲਮਾਂ ਦੀ ਵਿਰੋਧਤਾ ਹਮੇਸ਼ਾ ਕੀਤੀ । ਇਹ ਗੱਲ ਹੈਰਾਨ ਕਰਦੀ ਹੈ । ਇਸ ਕਰਤਾਰੀ ਪੁਰਖ ਦੇ ਵਿਅਕਤੀਤਵ ਦੀ ਖਾਸੀਅਤ ਹੀ ਹੈ ਕੀ ਦੋਨਾਂ ਧਰਮਾਂ ਅੰਦਰਲੀਆਂ ਗਿਰਾਵਟਾਂ ਉੱਪਰ ਸਖਤ ਟਿੱਕਾ-ਟਿੱਪਣੀ ਕਰਣ ਬਾਵਜੂਦ ਬਾਬੇ ਨਾਨਕ ਨੂੰ ਸਭ ਤੋਂ ਜਿਆਦਾ ਵੱਡਾ ਪੀਰ ਅਤੇ ਗੁਰੂ ਦਾ ਖਿਤਾਬ ਵੀ ਇਹਨਾਂ ਧਰਮਾਂ ਅਨੁਯਾਈਆਂ ਹੀ ਉਸ ਵਕਤ ਦਿੱਤਾ । ਅਸਲ 'ਚ ਬਾਬੇ ਦੀ ਲੜਾਈ, ਜਾਲਮ, ਜੁਲਮ ਅਤੇ ਅੰਧ ਵਿਸ਼ਵਾਸਾਂ ਵਿਰੁੱਧ ਹੈ ਨਾ ਕਿ ਕਿਸੇ ਧਰਮ, ਸ਼ਕਸੀਅਤ, ਸੰਪ੍ਰਦਾਇ ਸਥਾਨ ਜਾਂ ਪਰੰਪਰਾ ਵਿਰੁੱਧ, ਮਾਨਵਵਾਦੀ ਸੰਕਲਪ ਬਾਬੇ ਨਾਨਕ ਨੂੰ ਇਕ ਵੱਖਰਾ ਇਲਾਹੀ ਪੁਰਖ ਬਣਾਉਦਾਂ ਹੈ ।

"ਸਭ ਮਹਿ ਜੋਤਿ ਜੋਤਿ ਹੈ ਸੋਇ"

ਸਭ ਨੂੰ ਇਕੋ ਨਜ਼ਰ ਨਾਲ ਦੇਖਣਾ ਇਹ ਬਾਬੇ ਨਾਨਕ ਦਾ ਮਾਨਵੀ ਸਮਾਜਕ ਸੰਕਲਪ ਸੀ । ਸਮਾਜਿਕ ਸੰਕਲਪ ਹਿਤ ਬਾਬੇ ਨਾਨਕ ਦੀ ਇਲਾਹੀ ਬਾਣੀ ਜਿੱਥੇ ਭੇਖ, ਪਾਖੰਡ, ਜੁਲਮ ਨੂੰ ਤਿਆਗਣ ਦਾ

ਸ਼ਕਤੀਸ਼ਾਲੀ ਸੰਦੇਸ਼ ਸਿਰਜਦੀ ਹੈ । ਉੱਥੇ ਛਲ, ਕਪਟ, ਕਮੀਨਗੀ ਨੂੰ ਨਿੰਦਦੀ ਵੀ ਹੈ । ਨਾਲ ਹੀ ਮਨੁੱਖ ਨੂੰ ਮੌਤ ਅਤੇ ਸ਼ਰੀਰ ਦੀ ਨਾਸ਼ਬਨਤਾ ਦਾ ਅਹਿਸਾਸ ਕਰਾਉਂਦੀ ਬਾਣੀ ਨੀਵਾਂ ਅਤੇ ਗੁਣੀ ਹੋਣ ਦਾ ਸੰਦੇਸ਼ ਵੀ ਦਿੰਦੀ ਹੈ । ਜੁਲਮ ਦੀ ਵਿਰੋਧਤਾ, ਜਾਲਮ ਦਾ ਪਰਦਾਫਾਸ਼ ਅਤੇ ਇਸਤਰੀ ਦੀ ਨਿੰਦੀਆਂ ਕਰਨ ਵਾਲੇ ਦਾ ਖੰਡਣ ਕਰਦੀ ਹੈ । ਇਹ ਇਸ ਕਰਤਾਰੀ ਪੁਰਖ ਦੀ ਬਾਣੀ ਦਾ ਸ਼ਕਤੀਸ਼ਾਲੀ ਸਮਾਜਿਕ ਸੰਕਲਪ ਹੈ ਕਿ ਅੱਜ ਗੁਰਘਰਾਂ ਵਿੱਚ ਕੀਰਤਨੀਆਂ, ਪੁਜਾਰੀਆਂ ਗ੍ਰਥੀਆਂ ਦੀ ਨਿਯੁਕਤੀ ਦਾ ਪੈਮਾਨਾ ਕਿਸੇ ਵਿਸ਼ੇਸ਼ ਜਾਤੀ ਵਿੱਚ ਜਨਮ ਨਹੀਂ ਬਲਕਿ ਗੁਨਵਾਨ ਅਤੇ ਰੱਬੀ ਘਰ ਨੂੰ ਹਿਰਦੇ ਵਿੱਚ ਵਸਾਉਣ ਵਾਲੀ ਕਸੌਟੀ ਹੈ । ਰੁਹਾਣੀ ਚਾਨਣ ਅਤੇ ਸਾਂਝੀ ਖੁਸ਼ੀ ਵਾਲੇ ਸਮਾਜਕ ਸੰਕਲਪ ਸਿਰਜਣ ਵਾਲੀ ਗੁਰੂ ਨਾਨਕ ਬਾਣੀ ਜੁੱਗਾ-ਜੁੱਗਾਂ ਤੋਂ ਅੱਜ ਤੱਕ ਸਾਰਥਕ, ਜੀਵਨਮਈ ਅਤੇ ਅਟੱਲ ਹੈ ।

ਹਵਾਲੇ ਅਤੇ ਟਿੱਪਣੀਆਂ :

੧. ਖੋਜ ਪਤ੍ਰਿਕਾ (ਵਿਸ਼ੇਸ਼ ਅੰਕ ), ਗੁਰੂ ਨਾਨਕ ਦੇਵ ਜੀ, ਵਿਉਹ ਵਿਕਾਸ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਨਾ -94

੨. ਵਾਰ ਆਸਾ, ਸਲੋਕ - 33

੩. ਕਾਲਾ ਸਿੰਘ ਬੇਦੀ, ਗੁਰੂ ਨਾਨਕ ਦਰਸ਼ਨ, ਪੰਜਾਬੀ ਭਾਗ ਪ੍ਰਕਾਸ਼ਨ ਨਵੀ ਦਿੱਲੀ ਪੰਨਾ -37

੪. ............... ਉਹੀ ................. ਪੰਨਾ 38

੫. ............... ਉਹੀ ................. ਪੰਨਾ 39

੬. ............... ਉਹੀ ................. ਪੰਨਾ 47

੭. ਵਿਸ਼ਵਾਸ ਤਿਵਾੜੀ, ਕ੍ਰਾਂਤੀਕਾਰੀ ਗੁਰੂ ਨਾਨਕ, ਪਬਲਿਕੇਸ਼ਣ ਬਿਉਰੋ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਪੰਨਾ-99